Halton REGION

# ਸਕੂਲ-ਅਧਾਰਿਤ ਟੀਕਾਕਰਣ

ਹਰ ਸਾਲ, ਹਲਟਨ ਰੀਜ਼ਨ ਪਬਲਿਕ ਹੈਲਥ (Halton Region Public Health) ਗ੍ਰੇਡ 7 ਦੇ ਵਿਦਿਆਰਥੀਆਂ ਦੇ ਟੀਕਾਕਰਣ ਲਈ ਟੀਕਾਕਰਣ ਕਲੀਨਿਕ ਮੁਹੱਈਆ ਕਰਵਾਉਂਦਾ ਹੈ। ਹੇਠ ਲਿਖੇ ਟੀਕਿਆਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ:

- **ਮੈਨਇਨਗੋਕੋਸਲ (Men-C-ACYW):** ਇੱਕ ਖੁਰਾਕ;
- **ਹੈਪੇਟਾਈਟਸ ਬੀ:** ਛੇ ਮਹੀਨਿਆਂ ਦੇ ਅੰਤਰਾਲ ਵਿੱਚ ਦੋ ਖੁਰਾਕਾਂ ਦਿੱਤੀਆਂ ਜਾਂਦੀਆਂ ਹਨ; ਅਤੇ
- **HPV-9:** ਛੇ ਮਹੀਨਿਆਂ ਦੇ ਅੰਤਰਾਲ ਵਿੱਚ ਦੋ ਖੁਰਾਕਾਂ ਦਿੱਤੀਆਂ ਜਾਂਦੀਆਂ ਹਨ।

**ਮੈਨਇਨਗੋਕੋਸਲ ਬਿਮਾਰੀ** ਇੱਕ ਲਾਗ ਹੈ, ਜੋ ਆਮ ਤੌਰ 'ਤੇ ਬੈਕਟੀਰੀਆ ਦੇ ਪੰਜ ਵੱਖ-ਵੱਖ ਸਮੂਹਾਂ ਕਰਕੇ ਹੁੰਦੀ ਹੈ, ਜੋ ਦਿਮਾਗ ਅਤੇ ਰੀੜ੍ਹ ਦੀ ਹੱਡੀ ਦੇ ਦੁਆਲੇ ਖੂਨ ਜਾਂ ਤਰਲ ਪਦਾਰਥ ਨੂੰ ਸੰਕ੍ਰਮਿਤ ਕਰਦੇ ਹਨ। ਇਹ ਇੱਕ ਦੁਰਲੱਭ ਬਿਮਾਰੀ ਹੈ, ਪਰ ਇਸਦੇ ਲੱਛਣ ਦਿਖਾਈ ਦੇ ਸਕਦੇ ਹਨ ਅਤੇ ਇਹ ਲੱਛਣ ਬਹੁਤ ਜਲਦੀ ਜਾਨਲੇਵਾ ਬਣ ਸਕਦੇ ਹਨ। ਇਸ ਨਾਲ ਸਥਾਈ ਤੌਰ 'ਤੇ ਸੁਣਨ ਦਾ ਨੁਕਸਾਨ, ਦਿਮਾਗ ਨੂੰ ਨੁਕਸਾਨ ਜਾਂ ਕਿਸੇ ਅੰਗ ਦਾ ਨੁਕਸਾਨ ਹੋ ਸਕਦਾ ਹੈ।

**ਇਹ ਬਿਮਾਰੀ** ਕਿਸੇ ਸੰਕ੍ਰਮਿਤ ਵਿਅਕਤੀ ਦੀ ਲਾਰ ਜਾਂ ਬਲਗਮ ਦੇ ਸਿੱਧੇ ਸੰਪਰਕ ਨਾਲ ਫੈਲਦੀ ਹੈ (ਜਿਵੇਂ ਕਿ ਚੁੰਮਣਾ, ਪੀਣ ਵਾਲੇ ਪਦਾਰਥ ਜਾਂ ਭੋਜਨ ਵਾਲੇ ਬਰਤਨ ਸਾਂਝੇ ਕਰਨ ਨਾਲ)। ਸੰਕ੍ਰਮਿਤ ਲੋਕ ਬਿਮਾਰ ਹੋਣ ਤੋਂ ਸੱਤ ਦਿਨ ਪਹਿਲਾਂ ਇਹ ਬਿਮਾਰੀ ਫੈਲਾ ਸਕਦੇ ਹਨ।

**Men-C-ACYW ਦਾ ਟੀਕਾ** ਬੈਕਟੀਰੀਆ ਦੇ 5 ਵਿੱਚੋਂ 4 ਸਮੂਹਾਂ ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ, ਜੋ ਦਿਮਾਗ ਅਤੇ ਰੀੜ੍ਹ ਦੀ ਹੱਡੀ ਦੇ ਦੁਆਲੇ ਖੂਨ ਅਤੇ ਤਰਲ ਪਦਾਰਥ ਦੀ ਲਾਗ ਦਾ ਕਾਰਨ ਬਣਦੇ ਹਨ। ਟੀਕਾ ਸੁਰੱਖਿਅਤ ਹੈ, 80-85% ਪ੍ਰਭਾਵਸ਼ਾਲੀ ਹੈ ਅਤੇ **ਓਂਟਾਰੀਓ ਵਿੱਚ ਸਕੂਲ ਜਾਣ ਲਈ ਲੋੜੀਂਦਾ ਹੈ।**

**ਹੈਪੇਟਾਈਟਸ ਬੀ** ਇੱਕ ਬਹੁਤ ਹੀ ਛੂਤਕਾਰੀ ਵਾਇਰਸ ਹੈ, ਜੋ ਲੀਵਰ (ਜਿਗਰ) 'ਤੇ ਹਮਲਾ ਕਰਦਾ ਹੈ ਅਤੇ ਲੀਵਰ (ਜਿਗਰ) ਦੀ ਬਿਮਾਰੀ ਅਤੇ ਲੀਵਰ (ਜਿਗਰ) ਦੇ ਕੈਂਸਰ ਦਾ ਕਾਰਨ ਬਣ ਸਕਦਾ ਹੈ। ਇਸਦਾ ਕੋਈ ਪੱਕਾ ਇਲਾਜ ਨਹੀਂ ਹੈ। ਬਹੁਤੇ ਲੋਕ ਠੀਕ ਹੋ ਜਾਂਦੇ ਹਨ, ਪਰ ਕੁਝ ਸੰਕ੍ਰਮਿਤ ਰਹਿੰਦੇ ਹਨ ਅਤੇ ਉਨ੍ਹਾਂ ਦੇ ਸਰੀਰ ਵਿੱਚ ਸਾਰੀ ਜ਼ਿੰਦਗੀ ਲਈ ਇਹ ਵਾਇਰਸ ਰਹਿੰਦਾ ਹੈ।

**ਇਹ** ਕਿਸੇ ਸੰਕ੍ਰਮਿਤ ਵਿਅਕਤੀ ਦੇ ਖੂਨ ਜਾਂ ਸਰੀਰ ਦੇ ਤਰਲ ਪਦਾਰਥਾਂ ਦੇ ਸਿੱਧੇ ਸੰਪਰਕ ਦੁਆਰਾ ਫੈਲਦੀ ਹੈ, ਭਾਵੇਂ ਉਹ ਬਿਮਾਰ ਨਜ਼ਰ ਨਾ ਆਉਣ ਜਾਂ ਬਿਮਾਰ ਮਹਿਸੂਸ ਨਾ ਕਰਨ। ਇਹ ਇਸ ਤਰੀਕੇ ਨਾਲ ਫੈਲ ਸਕਦੀ ਹੈ: ਖੂਨ ਜਾਂ ਖੁੱਲ੍ਹੇ ਜ਼ਖਮਾਂ ਨਾਲ ਸਿੱਧਾ ਸੰਪਰਕ; ਰੇਜ਼ਰ, ਸਰਿੰਜਾਂ ਜਾਂ ਟੁੱਥਬਰੁਸ਼ ਸਾਂਝਾ ਕਰਨਾ; ਅਸੁਰੱਖਿਅਤ ਸੰਭੋਗ; ਜਨਮ ਦੇ ਦੌਰਾਨ ਮਾਂ ਤੋਂ ਬੱਚੇ ਨੂੰ।

**ਹੈਪੇਟਾਈਟਸ ਬੀ** ਦਾ ਟੀਕਾ ਸੁਰੱਖਿਅਤ ਹੈ ਅਤੇ ਸਾਰੀਆਂ ਖੁਰਾਕਾਂ ਦਿੱਤੇ ਜਾਣ ਤੋਂ ਬਾਅਦ 95-100% ਪ੍ਰਭਾਵਸ਼ਾਲੀ ਹੁੰਦਾ ਹੈ। ਸੁਰੱਖਿਆ ਘੱਟੋ-ਘੱਟ 30 ਸਾਲਾਂ ਤੱਕ ਰਹਿੰਦੀ ਹੈ।

**ਹਿਊਮਨ ਪੈਪਿਲੋਮਾਵਾਇਰਸ (HPV)** ਇੱਕ ਬਹੁਤ ਹੀ ਆਮ ਵਾਇਰਸ ਹੈ, ਜੋ ਕੈਂਸਰ ਅਤੇ ਜਣਨ ਅੰਗਾਂ ਦੇ ਫੋੜੇ (ਫਿਣਸੀ) ਦਾ ਕਾਰਨ ਬਣ ਸਕਦਾ ਹੈ। ਇਸਦਾ ਕੋਈ ਪੱਕਾ ਇਲਾਜ ਨਹੀਂ ਹੈ, ਅਤੇ ਟੀਕਾਕਰਣ ਤੋਂ ਬਿਨਾਂ, ਇਹ ਅਨੁਮਾਨ ਲਗਾਇਆ ਜਾਂਦਾ ਹੈ ਕਿ 4 ਵਿੱਚੋਂ 3 ਜਿਨਸੀ ਤੌਰ 'ਤੇ ਕਿਰਿਆਸ਼ੀਲ ਕੈਨੇਡੀਅਨ ਵਿਅਕਤੀਆਂ ਨੂੰ ਉਹਨਾਂ ਦੇ ਜੀਵਨ ਕਾਲ ਵਿੱਚ HPV ਹੋਵੇਗਾ। ਜ਼ਿਆਦਾਤਰ ਸੰਕ੍ਰਮਿਤ ਲੋਕ ਇਹ ਨਹੀਂ ਜਾਣਦੇ ਕਿ ਉਨ੍ਹਾਂ ਨੂੰ ਇਹ ਬਿਮਾਰੀ ਹੋ ਗਈ ਹੈ, ਕਿਉਂਕਿ ਉਨ੍ਹਾਂ ਅੰਦਰ ਕੋਈ ਲੱਛਣ ਨਹੀਂ ਹੁੰਦੇ, ਇਸ ਲਈ ਉਹ ਇਸਨੂੰ ਬਿਨਾਂ ਜਾਣੇ ਦੂਜਿਆਂ ਨੂੰ ਇਹ ਬਿਮਾਰੀ ਲਗਾ ਦਿੰਦੇ ਹਨ।

**ਇਹ ਬਿਮਾਰੀ** ਯੋਨੀ, ਗੁਦੇ ਅਤੇ ਓਰਲ ਸੰਭੋਗ ਸਮੇਤ ਜਿਨਸੀ ਸੰਪਰਕ ਦੁਆਰਾ ਫੈਲਦੀ ਹੈ।

**HPV-9 ਦਾ ਟੀਕਾ** ਨੌਂ ਕਿਸਮਾਂ ਦੇ HPV ਤੋਂ ਬਚਾਉਂਦਾ ਹੈ। ਇਹ ਸੁਰੱਖਿਅਤ ਹੈ ਅਤੇ ਸਾਰੀਆਂ ਖੁਰਾਕਾਂ ਦਿੱਤੇ ਜਾਣ 'ਤੇ ਲਗਭਗ 100% ਪ੍ਰਭਾਵਸ਼ਾਲੀ ਹੁੰਦਾ ਹੈ। HPV ਦੀ ਲਾਗ ਨੂੰ ਰੋਕਣ ਦਾ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਪਹਿਲੀ ਵਾਰ ਸੰਭੋਗ ਕਰਨ ਤੋਂ ਪਹਿਲਾਂ ਟੀਕਾ ਲਗਾਇਆ ਜਾਵੇ।



## ਟੀਕਾ ਲੱਗਣ ਤੋਂ ਬਾਅਦ ਮੈਨੂੰ ਕਿਹੜੇ ਲੱਛਣ ਹੋ ਸਕਦੇ ਹਨ?

ਜਿਸ ਬਾਂਹ 'ਤੇ ਤੁਸੀਂ ਟੀਕਾ ਲਗਵਾਇਆ ਸੀ, ਉਸ 'ਤੇ:

- ਦਰਦ, ਲਾਲੀ ਜਾਂ ਸੋਜ਼ਸ਼
- ਨੋਟ: ਟੀਕਾ ਲੱਗਣ ਤੋਂ ਬਾਅਦ ਕਈ ਦਿਨ ਤੱਕ ਦਰਦ, ਲਾਲੀ ਅਤੇ ਸੋਜ਼ਸ਼ ਹੋ ਸਕਦੀ ਹੈ। ਇਹ ਆਮ ਤੌਰ 'ਤੇ ਗੰਭੀਰ ਨਹੀਂ ਹੁੰਦੇ ਹਨ ਅਤੇ ਆਪਣੇ ਆਪ ਹੀ ਠੀਕ ਹੋ ਜਾਣਗੇ।

ਤੁਹਾਡੇ ਸਰੀਰ ਦੇ ਬਾਕੀ ਹਿੱਸੇ ਵਿੱਚ:

- ਬੁਖ਼ਾਰ
- ਠੰਡ ਲੱਗਣੀ
- ਥਕੇਵਾਂ
- ਸਿਰ-ਦਰਦ
- ਮਾਸਪੇਸ਼ੀਆਂ/ਜੋੜਾਂ ਦਾ ਦਰਦ

## ਡਾਕਟਰ ਨੂੰ ਕਦੋਂ ਬੁਲਾਇਆ ਜਾਵੇ



ਟੀਕੇ ਨਾਲ ਹੋਣ ਵਾਲੇ ਪ੍ਰਤੀਕਰਮ ਅਤੇ ਹੋਰ ਗੰਭੀਰ ਮਾੜੇ-ਅਸਰ ਵਿਰਲੇ ਹੀ ਹੁੰਦੇ ਹਨ। ਹਾਲਾਂਕਿ, ਟੀਕਾ ਲਗਵਾਉਣ ਦੇ ਇੱਕ ਹਫ਼ਤੇ ਦੇ ਅੰਦਰ ਲੱਛਣ ਹੋ ਸਕਦੇ ਹਨ। ਜੇ ਹੇਠਾਂ ਦਿੱਤੇ ਲੱਛਣਾਂ ਵਿੱਚੋਂ ਕੋਈ ਹੁੰਦਾ ਹੈ, ਤਾ ਆਪਣੇ ਡਾਕਟਰ ਨਾਲ ਸੰਪਰਕ ਕਰੋ। ਜੇ ਤੁਹਾਡੇ ਲੱਛਣ ਗੰਭੀਰ ਹਨ, ਤਾਂ 911 'ਤੇ ਕਾਲ ਕਰੋ।

- ਛਪਾਕੀ
- ਚਿਹਰੇ ਜਾਂ ਮੂੰਹ 'ਤੇ ਸੋਜ਼ਸ਼
- ਸਾਹ ਲੈਣ ਵਿੱਚ ਦਿੱਕਤ
- ਬਹੁਤ ਪੀਲਾ ਰੰਗ ਅਤੇ ਗੰਭੀਰ ਘੂਕੀ
- ਤੇਜ਼ ਬੁਖ਼ਾਰ (40°C ਤੋਂ ਵੱਧ)
- ਅਕੜਾਅ ਜਾਂ ਦੌਰੇ ਪੈਣੇ

ਇਹਨਾਂ ਟੀਕਿਆਂ ਲਈ ਜਨਤਕ ਤੌਰ 'ਤੇ ਫੰਡ ਦਿੱਤਾ ਜਾਂਦਾ ਹੈ ਅਤੇ ਪ੍ਰਾਪਤਕਰਤਾਵਾਂ ਲਈ ਮੁਫ਼ਤ ਹੁੰਦੇ ਹਨ। ਜੇ ਵਿਦਿਆਰਥੀਆਂ ਕੋਲ ਓਂਟਾਰੀਓ ਹੈਲਥ ਕਾਰਡ ਨਹੀਂ ਹੈ, ਤਾਂ ਉਹਨਾਂ ਨੂੰ ਫਿਰ ਵੀ ਟੀਕਾ ਲਗਾਇਆ ਜਾ ਸਕਦਾ ਹੈ।

ਕਿਰਪਾ ਕਰਕੇ ਟੀਕਾਕਰਣ ਕਰਵਾਉਣ ਵਿੱਚ ਦੇਰੀ ਨਾ ਕਰੋ। ਸਾਰੇ ਨਿਯਮਿਤ ਟੀਕਾਕਰਣਾਂ ਨੂੰ ਪੂਰਾ ਕਰਨ ਨਾਲ ਤੁਹਾਨੂੰ, ਤੁਹਾਡੇ ਪਰਿਵਾਰ ਅਤੇ ਹੋਰ ਵਸਨੀਕਾਂ ਨੂੰ ਬਿਮਾਰੀ ਤੋਂ ਬਚਾਉਣ ਵਿੱਚ ਮਦਦ ਮਿਲਦੀ ਹੈ। ਕੁਝ ਟੀਕਿਆਂ ਲਈ ਇੱਕ ਸੀਮਿਤ ਸਮੇਂ ਲਈ ਜਨਤਕ ਤੌਰ 'ਤੇ ਫੰਡ ਦਿੱਤਾ ਜਾਂਦਾ ਹੈ, ਅਤੇ ਵਿਦਿਆਰਥੀ ਸਿਰਫ਼ ਇੱਕ ਖਾਸ ਉਮਰ ਤੱਕ ਟੀਕਾਕਰਣ ਲਈ ਯੋਗ ਹੋ ਸਕਦੇ ਹਨ।

ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਇਸ ਵੈੱਬਸਾਈਟ **halton.ca/immunize** 'ਤੇ ਜਾਓ, 311 'ਤੇ ਕਾਲ ਕਰੋ, ਜਾਂ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲਬਾਤ ਕਰੋ।

## ਕੀ ਪਹਿਲਾਂ ਹੀ ਟੀਕਾ ਲਗਵਾਇਆ ਹੋਇਆ ਹੈ?

ਵਿਦਿਆਰਥੀਆਂ ਨੇ ਇਹਨਾਂ ਵਿੱਚੋਂ ਇੱਕ ਜਾਂ ਵਧੇਰੇ ਟੀਕੇ ਪਹਿਲਾਂ ਹੀ ਲਗਵਾਏ ਹੋ ਸਕਦੇ ਹਨ। ਇਹ ਯਕੀਨੀ ਬਣਾਓ ਕਿ ਤੁਸੀਂ **halton.ca/immunize** 'ਤੇ ਜਾ ਕੇ ਜਾਂ 311 'ਤੇ ਕਾਲ ਕਰਕੇ ਜਨਤਕ ਸਿਹਤ ਨੂੰ ਸਾਰੇ ਟੀਕਿਆਂ ਦੀ ਰਿਪੋਰਟ ਦਿੱਤੀ ਹੈ।



Halton REGION